4. ਸੀ.ਬੀ.ਐਸ.ਸੀ. ਨਵੀਂ ਦਿੱਲੀ ਦੇ ਸਰਕੂਲਰ CBSE/AFF/CIRCULAR/2011 No.2 ਮਿਤੀ ਦੇ ਪੇਰ੍ਹਾ ਨੰ: 6 " The premises of the school should not be used for any commercial acitivity and no commercial shops for sale of books uniforms etc be operated within the school campus" ਦੀ ਸਾਰੇ ਨਿੱਜੀ ਸਕੂਲਾਂ ਵੱਲੋਂ ਪਾਲਣਾ ਕੀਤੀ ਜਾਣੀ ਯਕੀਨੀ ਬਣਾਈ ਜਾਵੇ।

5. ਸਾਰੇ ਸਕੂਲ ਸੀ.ਬੀ.ਐਸ.ਈ. ਦੇ ਐਫੀਲੀਏਸ਼ਨ ਦੇ ਨਿਯਮ 20 ਅਧੀਨ 30 ਅਪ੍ਰੈਲ, 2017 ਤੱਕ ਪੇਰੈਂਟਸ ਟੀਚਰਜ਼ ਐਸੋਸੀਏਸ਼ਨ/ਐਸ.ਐਮ.ਸੀ. ਬਣਾਉਣਗੇ।

6. ਸਮੂਹ ਨਿੱਜੀ ਸਕੂਲ ਮੁੱਖੀਆਂ ਵੱਲੋਂ ਆਰ.ਟੀ.ਈ. ਦੇ ਨਿਯਮਾਂ ਅਨੁਸਾਰ 25% ਸੀਟਾਂ ਤੇ ਕਮਜ਼ੋਰ ਵਰਗ ਅਤੇ ਐਸ.ਸੀ.ਵਰਗ ਦੇ ਵਿਦਿਆਰਥੀਆਂ ਨੂੰ ਲੋੜ ਅਨੁਸਾਰ ਦਾਖਲ ਕਰਨਾ ਯਕੀਨੀ ਬਣਾਇਆ ਜਾਵੇ। ਆਰ.ਟੀ.ਈ. ਦੇ ਨਿਯਮ ਬੋਰਡ ਉਪਰ ਡਿਸਪਲੇ ਕੀਤੇ ਜਾਣ।

7. ਸਾਰੇ ਵਿਦਿਆਰਥੀਆਂ ਨੂੰ ਇਸ ਗੱਲ ਦੀ ਛੋਟ ਦਿੱਤੀ ਜਾਵੇ ਕਿ ਸਕੂਲ ਦੀ ਵਰਦੀ, ਕਿਤਾਬਾਂ, ਸਟੇਸ਼ਨਰੀ ਅਤੇ ਹੋਰ ਸਮਾਨ ਕਿਸੇ ਵੀ ਦੁਕਾਨ ਤੋਂ ਖਰੀਦ ਸਕਣ। ਉਨ੍ਹਾਂ ਨੂੰ ਕਿਸੇ ਇੱਕ ਖਾਸ ਦੁਕਾਨ ਤੋਂ ਉਕਤ ਸਮਾਨ ਖਰੀਦਣ ਲਈ ਮਜ਼ਬੂਰ ਨਾ ਕੀਤਾ ਜਾਵੇ।

8. ਸਮੂਹ ਸਕੂਲਾਂ ਵਿੱਚ ਮਾਪੇ-ਅਧਿਆਪਕ ਮੀਟਿੰਗਾਂ ਲਗਾਤਾਰ ਕੀਤੀਆਂ ਜਾਣੀਆਂ ਯਕੀਨੀ ਬਣਾਈਆਂ ਜਾਣ।

9. ਟ੍ਰਾਂਸਪੋਰਟ ਸਬੰਧੀ-ਸਾਰੇ ਸਕੂਲਾਂ ਵੱਲੋਂ ਸੇਫ ਵਾਹਨ ਐਕਟ/ਸਕੀਮ ਦੇ ਤਹਿਤ ਮਾਨਯੋਗ ਹਾਈ ਕੋਰਟ ਅਤੇ ਸੀ.ਬੀ.ਐਸ.ਈ. ਬੋਰਡ ਵੱਲੋ ਆਪਣੇ ਨੰਬਰ: CBSE/AFF./Circular-8/2017/1217401 Dta 23.2.2017 ਦੁਆਰਾ ਨਿਰਧਾਰਿਤ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਕੋਈ ਵੀ ਸਕੂਲ ਆਪਣੀ ਟ੍ਰਾਂਸਪੋਰਟ ਸਹੂਲਤ ਲੈਣ ਲਈ ਮਾਪਿਆਂ ਨੂੰ ਮਜਬੂਰ ਨਾ ਕਰੇ। ਮਾਪੇ ਆਪਣੀ ਮਰਜੀ ਨਾਲ ਆਪਣੇ ਬੱਚਿਆਂ ਲਈ ਉਕਤ ਸਹੂਲਤ ਲੈ ਸਕਦੇ ਹਨ। ਸਕੂਲ ਆਪਦੇ ਖਰਚਿਆਂ ਮੁਤਾਬਿਕ ਟ੍ਰਾਂਸਪੋਰਟੇਸ਼ਨ ਫੀਸ ਨਿਰਧਾਰਿਤ ਕਰ ਸਕਦੇ ਹਨ। ਜਿਨ੍ਹਾਂ ਬੱਚਿਆਂ ਪਾਸ ਡਰਾਇਵਿੰਗ ਲਾਇਸੰਸ ਨਹੀਂ ਹੋਵੇਗਾ, ਉਹਨਾਂ ਬੱਚਿਆਂ ਨੂੰ ਕੋਈ ਵੀ ਸਕੂਲ ਆਪਣੇ ਸਕੂਲ ਵਿੱਚ ਸਕੂਟਰ, ਮੋਟਰ ਸਾਇਕਲ ਜਾਂ ਕਾਰ ਲਿਆਉਣ ਦੀ ਆਗਿਆ ਨਹੀਂ ਦੇਵੇਗਾ ਅਤੇ ਪੇਰੈਂਟ ਐਸੋਸੀਏਸ਼ਨ ਇਸ ਗੱਲ ਵਿੱਚ ਸਕੂਲ ਦਾ ਸਾਥ ਦੇਵੇਗੀ।

10. ਸਾਰੇ ਸਕੂਲ ਨਵੇਂ ਦਾਖਲਾ ਸੈਸ਼ਨ ਤੋਂ ਪਹਿਲਾਂ ਜ਼ੋ ਪ੍ਰੋਸਪੈਕਟ ਜਾਰੀ ਕਰਦੇ ਹਨ, ਉਨ੍ਹਾਂ ਵਿੱਚ ਦਾਖਲਾ ਫੀਸ, ਮੁੜ ਦਾਖਲਾ ਫੀਸ ਅਤੇ ਹੋਰ ਖਰਚੇ ਸਬੰਧਤ ਬੋਰਡ ਵੱਲੋਂ ਜਾਰੀ ਹਦਾਇਤਾਂ/ਨਿਯਮਾਂ ਅਨੁਸਾਰ ਦਰਜ ਕਰਕੇ ਦਰਸਾਏ ਜਾਣੇ ਯਕੀਨੀ ਬਣਾਏ ਜਾਣ।

11. ਜੇਕਰ ਕਿਸੇ ਮਾਪੇ ਨੂੰ ਆਪਣੇ ਬੱਚੇ ਸਬੰਧੀ ਕੋਈ ਸ਼ਿਕਾਇਤ ਹੈ ਤਾਂ ਉਹ ਪਹਿਲਾਂ ਸਕੂਲ ਦੇ ਅਧਿਕਾਰੀਆਂ/ ਕਮੇਟੀਆਂ ਨੂੰ ਸ਼ਿਕਾਇਤ ਪੱਤਰ ਦੇਵੇਗਾ ਤੇ ਜੇਕਰ ਮਸਲਾ ਹੱਲ ਨਹੀਂ ਹੁੰਦਾ ਤਾਂ ਉਹ ਪ੍ਰਸ਼ਾਸ਼ਨਿਕ ਅਧਿਕਾਰੀਆਂ ਪਾਸ ਮਸਲਾ ਹੱਲ ਕਰੇਗਾ।

ਉਕਤ ਤੋਂ ਇਲਾਵਾ ਸਮੂਹ ਸਕੂਲ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਨਿੱਜੀ ਸਕੂਲਾਂ ਲਈ ਸਮੇਂ-ਸਮੇਂ ਤੇ ਜਾਰੀ ਕੀਤੇ ਵੱਖ-ਵੱਖ ਹੁਕਮਾਂ ਦੀ ਪਾਲਣਾ ਯਕੀਨੀ ਬਣਾਉਣਗੇ ।

20/3/17

ਜ਼ਿਲ੍ਹਾ ਸਿੱਖਿਆ ਅਫਸਰ (ਐ
ਸੰਗਰੂਰ।

L.A (RTE)

ਜਿਲ੍ਹਾ ਸਿੱਖਿਆ ਅਫ਼ਸਰ( ਐ:ਸਿ:)
-ਕਮ- ਜਿਲ੍ਹਾ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਸੰਗਰੂਰ । ੳ.ਸ. 20/3/17